ਸੇਵਾ ਵਿਖੇ



Noc file

ਜਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈ ਅਤੇ
ਖਪਤਕਾਰ ਮਾਮਲੇ, ਗੁਰਦਾਸਪੁਰ।

ਨੰ: 295 ਮਿਤੀ: 20-1-20

ਵਿਸ਼ਾ: - ਬਟਾਲਾ ਸ਼ਹਿਰ ਵਿਖੇ ਬਟਾਲਾ ਤੋਂ ਕਾਦੀਆਂ ਰੋਡ ਤਹਿਸੀਲ ਬਟਾਲਾ, ਜਿਲ੍ਹਾ ਗੁਰਦਾਸਪੁਰ ਵਿਖੇ ਇੰਡੀਅਨ ਆਇਲ ਕੰਪਨੀ ਦਾ ਨਵਾਂ ਪੈਟਰੋਲ ਪੰਪ ਲਗਾਉਣ ਸਬੰਧੀ।

ਹਵਾਲਾ: - ਆਪ ਜੀ ਦਾ ਪੱਤਰ ਨੰ:ਵਿ (ਸ) -2019/4167 ਮਿਤੀ:20.11.2019

ਆਪ ਜੀ ਦੇ ਦਫਤਰ ਵੱਲੋਂ ਹਵਾਲੇ ਅਧੀਨ ਪੱਤਰ ਰਾਂਹੀਂ ਪ੍ਰਾਪਤ ਹੋਏ ਵਿਸ਼ਾ-ਅੰਕਿਤ ਕੇਸ ਸਬੰਧੀ ਇੰਡੀਅਨ ਆਇਲ ਕਾਰਪੋਰੇਸ਼ਨ ਲਿ. ਵੱਲੋਂ ਹਿਸਤਾਖਰ ਨਾਲ ਕੀਤੇ ਐਗਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਪ੍ਰੋਵੀਜਨਲੀ ਇਤਰਾਜਹੀਨਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

ਸ਼ਰਤਾਂ:

1) ਸਬੰਧਤ ਏਜੰਸੀ ਵਲੋਂ **Proposed MS/HSD** ਦੀ ਉਸਾਰੀ ਲੋਕ ਨਿਰਮਾਣ ਵਿਭਾਗ ਦੀ ਹਦੂਦ ਤੋਂ ਬਾਹਰ ਕੀਤੀ ਜਾਵੇਗੀ।
2) **Proposed MS/HSD** ਦੀ ਉਸਾਰੀ ਸਮੇਂ ਸੜਕ/ਪਬਲਿਕ ਪ੍ਰਾਪਰਟੀ ਨੂੰ ਕਿਸੇ ਤਰਾਂ ਦਾ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ।
3) **Proposed MS/HSD** ਦੀ ਉਸਾਰੀ ਨਾਲ ਸੜਕ ਤੇ ਸੁਰਖਿਅਤ ਅਤੇ ਨਿਰਵਿਘਣ ਟ੍ਰੈਫਿਕ ਲਈ ਨਿਯਮਾਂ ਅਨੁਸਾਰ ਬਣਦੇ ਸਾਰੇ ਪ੍ਰਬੰਧ ਏਜੰਸੀ ਵੱਲੋਂ ਕੀਤੇ ਜਾਣਗੇ।
4) ਮਾਣਯੋਗ ਅਦਾਲਤ/ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ/ਪਾਲਿਸੀ ਦੀ ਪਾਲਣਾ ਕਰਨ ਲਈ ਅਜੰਸੀ/ਕੰਪਨੀ ਪਾਬੰਧ ਹੋਵੇਗੀ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ,
ਬਟਾਲਾ।

ਪਿੱਠ ਅੰਕਣ ਨੰ: 296 ਮਿਤੀ: 20-1-20

ਉਪਰੋਕਤ ਦਾ ਉਤਾਰਾ ਸੰਯੁਕਤ ਸਕੱਤਰ, ਪੰਜਾਬ ਰੋਡਜ਼ ਐਂਡ ਬ੍ਰਿਜਜ਼ ਡਿਵੈਲਪਮੈਂਟ ਬੋਰਡ, ਐਸ.ਸੀ.ਐਫ 61-62, ਫੇਜ਼-2 ਐਸ.ਏ.ਐਸ ਨਗਰ ਮੋਹਾਲੀ ਨੂੰ ਫੀਸ ਦੇ ਰੂਪ ਵਿੱਚ ਸਬੰਧਤ ਅਜੰਸੀ ਵੱਲੋਂ ਪ੍ਰਾਪਤ ਹੋਇਆ ਡਰਾਫਟ ਨੰ:013522 ਮਿਤੀ:15.01.2020 ਬਾਬਤ ਰਕਮ 1,50,000/- ਰੁਪਏ ਅਤੇ ਡਰਾਫਟ ਨੰ:013521 ਮਿਤੀ:15-1-2020 ਬਾਬਤ ਰਕਮ 10,000/- ਰੁਪਏ ਸਹਿਤ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਨੱਥੀ/2 ਨੰਬਰ ਡਰਾਫਟ ਮੂਲ ਰੂਪ ਵਿੱਚ.

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ:ਨਿ:ਵਿ: ਭਤੇਮ ਸ਼ਾਖਾ,
ਬਟਾਲਾ।